BC Centre for Disease Control
Provincial Health Services Authority

Provincial Tuberculosis Services

Main Switchboard 604 707 2692
TB Services Fax 604 707 2690

www.bccdc.ca

# ਕੋਫਾਜ਼ਿਮੀਨ
# CLOFAZIMINE

ਕੋਫਾਜ਼ਿਮੀਨ ਇੱਕ ਐਂਟੀਬਾਇਟਿਕ ਹੈ ਜੋ ਤਪਦਿੱਕ, ਕੋਹੜ ਅਤੇ ਇਨ੍ਹਾਂ ਨਾਲ ਸੰਬੰਧਤ ਹੋਰਨਾਂ ਇਨਫੈਕਸ਼ਨਾਂ ਦੇ ਇਲਾਜ ਲਈ ਵਰਤੀ ਜਾਂਦੀ ਹਨ।

## ਮੈਨੂੰ ਇਹ ਕਦੋਂ ਲੈਣੀ ਚਾਹੀਦੀ ਹੈ? (When should I take this?)

- ਸਰੀਰ ਵਿਚ ਰਚਣ ਲਈ ਅਤੇ ਪੇਟ ਵਿਚ ਗੜਬੜ ਨਾ ਹੋਵੇ ਇਸ ਲਈ ਇਹ ਖਾਣੇ ਜਾਂ ਦੁੱਧ ਨਾਲ ਲਵੋ।
- ਇਹ ਦਵਾਈ ਹਰ ਰੋਜ਼ ਇੱਕੋ ਸਮੇਂ ਤੇ ਲਵੋ। ਇਸ ਤਰ੍ਹਾਂ ਤੁਹਾਨੂੰ ਦਵਾਈ ਲੈਣ ਦਾ ਚੇਤਾ ਰਹੇਗਾ।

## ਮੈਂ ਇਹ ਦਵਾਈ ਕਿਵੇਂ ਲਵਾਂ? (How should I take this?)

- ਇਹ ਬੜਾ ਜ਼ਰੂਰੀ ਹੈ ਕਿ ਤੁਸੀਂ ਕੋਫਾਜ਼ਿਮੀਨ ਦਵਾਈ ਲਗਾਤਾਰ ਲਵੋ।
- ਦਵਾਈ ਡਾਕਟਰ ਦੇ ਨਿਰਦੇਸ਼ਾਂ ਅਨੁਸਾਰ ਲਵੋ।

## ਜੇ ਮੇਰੀ ਇੱਕ ਖ਼ੁਰਾਕ ਛੁੱਟ ਜਾਏ ਤਾਂ ਮੈਂ ਕੀ ਕਰਾਂ? (What should I do if I miss a dose?)

- ਜੇ ਖ਼ੁਰਾਕ ਛੁੱਟ ਜਾਏ ਤਾਂ ਜਦੋਂ ਯਾਦ ਆਵੇ ਲੈ ਲਵੋ। ਪਰ ਜੇ ਹੁਣ ਅਗਲੀ ਖ਼ੁਰਾਕ ਦਾ ਸਮਾਂ ਹੋ ਗਿਆ ਹੈ ਤਾਂ ਅਗਲੀ ਖ਼ੁਰਾਕ ਹੀ ਲਵੋ, ਜਿਹੜੀ ਖ਼ੁਰਾਕ ਛੁੱਟ ਗਈ ਉਹ ਰਹਿਣ ਦਿਓ।
- **ਦੁੱਗਣੀ ਖ਼ੁਰਾਕ ਕਦੇ ਨਾ ਲਵੋ।**

ਆਪਣੇ ਡਾਕਟਰ, ਨਰਸ ਅਤੇ ਫਾਰਮਾਸਿਸਟ ਨੂੰ ਦੱਸੋ ਜੇ ਕਰ ਤੁਸੀਂ ਕਾਊਂਟਰ ਤੇ ਮਿਲਣ ਵਾਲੀਆਂ ਆਮ ਦਵਾਈਆਂ (ਜੋ ਡਾਕਟਰ ਵੱਲੋਂ ਨਿਰਧਾਰਿਤ ਨਹੀਂ) ਸਮੇਤ **ਕੋਈ ਹੋਰ ਦਵਾਈਆਂ ਵੀ ਲੈਂਦੇ ਹੋ**।

ਜਦ ਇਲਾਜ ਚੱਲ ਰਿਹਾ ਹੋਵੇ ਤਦ ਧੁੱਪ ਵਿਚ ਜਾਂ ਨਕਲੀ ਅਲਟਰਾ ਵਾਇਲੈਟ ਰੌਸ਼ਨੀ (ਜਿਵੇਂ ਕਿ ਸਨਲੈਂਪ ਜਾਂ ਸਰੀਰ ਦਾ ਰੰਗ ਭੂਰਾ ਕਰਨ ਵਾਲਾ ਪਲੰਘ) ਵਿਚ ਜ਼ਿਆਦਾ ਨਾ ਰਹੋ। ਕੋਫਾਜ਼ਿਮੀਨ ਤੁਹਾਨੂੰ ਸੂਰਜ ਤੋਂ ਸੰਵੇਦਨਸ਼ੀਲ ਬਣਾ ਸਕਦੀ ਹੈ। ਸਨਸਕ੍ਰੀਨ ਵਰਤੋ ਅਤੇ ਹਿਫ਼ਾਜ਼ਤੀ ਕੱਪੜੇ ਪਹਿਨੋ।

## ਦਵਾਈ ਦੇ ਕੀ ਸੰਭਵ ਗੌਣ ਪ੍ਰਭਾਵ ਹੋ ਸਕਦੇ ਹਨ? (What are some possible side effects?)

- ਦਿਲ ਕੱਚਾ ਹੋਣਾ, ਉਲਟੀਆਂ ਅਤੇ ਦਸਤ
- ਚੱਕਰ ਆਉਣੇ ਜਾਂ ਨੀਂਦ ਜਿਹੀ ਆਉਣੀ
- ਚਮੜੀ ਜਾਂ ਅੱਖਾਂ ਸੁੱਕਣੀਆਂ
- ਖ਼ਾਰਸ਼

# ਕੋਫਾਜ਼ਿਮੀਨ (ਚੱਲਦਾ)
# **CLOFAZIMINE** (cont'd)

**ਸਾਵਧਾਨੀ (Caution): ਜੇਕਰ ਤੁਹਾਨੂੰ ਹੇਠ ਲਿਖੇ ਲੱਛਣਾਂ ਦਾ ਅਨੁਭਵ ਹੋਵੇ ਤਾਂ ਤੁਰੰਤ ਆਪਣੇ ਡਾਕਟਰ ਨੂੰ ਫ਼ੋਨ ਕਰੋ:**

- ਅਸਾਧਾਰਨ ਥਕਾਵਟ ਜਾਂ ਕਮਜ਼ੋਰੀ
- ਦਿਲ ਕੱਚਾ ਹੋਣਾ ਜਾਂ ਉਲਟੀਆਂ ਜਾਰੀ ਰਹਿਣ
- ਚਮੜੀ ਜਾਂ ਅੱਖਾਂ ਪੀਲੀਆਂ (ਸੰਤਰੀ ਹੋ ਜਾਣ ਜੇ ਪਹਿਲਾਂ ਲਾਲ ਜਾਂ ਕਾਲਾ ਭੂਰਾ ਰੰਗ ਸੀ) ਹੋ ਜਾਣ।
- ਬਹੁਤ ਸਖ਼ਤ ਪੇਟ ਦਰਦ ਹੋਵੇ
- ਖ਼ੂਨ ਵਾਲੀ ਜਾਂ ਕਾਲੀ ਲੁੱਕ ਜਿਹੀ ਟੱਟੀ ਆਵੇ
- ਬੇਹੋਸ਼ੀ ਜਾਂ ਦਿਲ ਦੀ ਧੜਕਣ ਬੇਨਿਯਮੀ ਹੋਵੇ
- ਰੈਸ਼

**ਜੇ ਕਰ ਕੋਈ ਹੋਰ ਅਸਾਧਾਰਨ ਲੱਛਣ ਜੋ ਉੱਪਰ ਨਹੀਂ ਲਿਖਿਆ ਗਿਆ ਤੁਹਾਨੂੰ ਨਜ਼ਰ ਆਉਂਦਾ ਹੈ ਤਾਂ ਆਪਣੇ ਡਾਕਟਰ ਨੂੰ ਦੱਸੋ।**

ਇਸ ਦਵਾਈ ਕਾਰਨ ਤੁਹਾਡੇ ਅੱਥਰੂ, ਥੁੱਕ, ਪਸੀਨਾ, ਪਿਸ਼ਾਬ, ਟੱਟੀ ਅਤੇ ਪਲਕਾਂ ਦੇ ਅੰਦਰ ਦਾ **ਰੰਗ ਲਾਲ ਤੋਂ ਕਾਲਾ ਭੂਰਾ** ਹੋ ਸਕਦਾ ਹੈ। ਤੁਹਾਡੀ ਚਮੜੀ ਦਾ ਰੰਗ ਵੀ ਲਾਲ ਜਾਂ ਭੂਰਾ ਜਿਹਾ ਟੈਨ ਹੋ ਸਕਦਾ ਹੈ। ਇਸ ਦਾ ਨੁਕਸਾਨ ਕੋਈ ਨਹੀਂ ਅਤੇ ਇਲਾਜ ਤੋਂ ਕੁੱਝ ਸਮੇਂ ਬਾਅਦ ਰੰਗ ਆਮ ਵਰਗਾ ਹੋ ਜਾਂਦਾ ਹੈ।

## ਕੋਫਾਜ਼ਿਮੀਨ ਲੈਣ ਲਈ ਮੈਨੂੰ ਹੋਰ ਕਿਸ ਜਾਣਕਾਰੀ ਦੀ ਲੋੜ ਹੈ? (What else do I need to know about taking CLOFAZIMINE?)

- ਜੇ ਤੁਸੀਂ **ਗਰਭਵਤੀ ਹੋ** ਜਾਂ ਗਰਭ ਧਾਰਨ ਕਰਨਾ ਚਾਹੁੰਦੀ ਹੋ ਜਾਂ ਆਪਣੇ ਬੱਚੇ ਨੂੰ **ਦੁੱਧ ਚੁੰਘਾਉਣਾ** ਚਾਹੁੰਦੀ ਹੋ ਤਾਂ ਆਪਣੇ ਡਾਕਟਰ ਜਾਂ ਨਰਸ ਨੂੰ ਦੱਸੋ।
- ਜੇ ਤੁਸੀਂ ਮੁਲਾਇਮ ਜਿਹੇ ਕਾਂਟੈਕਟ ਲੈਂਜ਼ ਪਹਿਨਦੇ ਹੋ ਤਾਂ ਆਪਣੇ ਡਾਕਟਰ ਜਾਂ ਨਰਸ ਨੂੰ ਦੱਸੋ।

## ਮੈਂ ਆਪਣੀਆਂ ਦਵਾਈਆਂ ਨੂੰ ਕਿੱਥੇ ਰੱਖਾਂ? (Where should I store this medication?)

- ਬੱਚਿਆਂ ਦੀ ਪਹੁੰਚ ਤੋਂ ਦੂਰ ਰੱਖੋ
- ਰੌਸ਼ਨੀ ਤੋਂ ਬਚਾਓ
- ਕੈਪਸੂਲ: ਕਮਰੇ ਦੇ ਤਾਪਮਾਨ ਤੇ ਠੰਢੀ ਅਤੇ ਸੁੱਕੀ ਜਗ੍ਹਾ ਤੇ ਕੱਸ ਕੇ ਬੰਦ ਹੋਣ ਵਾਲੇ ਡੱਬੇ ਵਿੱਚ ਰੱਖੋ।

## ਜੇ ਮੇਰੇ ਕੋਈ ਹੋਰ ਸੁਆਲ ਹੋਣ ਤਾਂ ਮੈਂ ਕਿੱਥੇ ਫੋਨ ਕਰਾਂ? (Where do I call if I have any other questions?)

ਆਪਣੇ ਡਾਕਟਰ, ਕਲੀਨਿਕ ਜਾਂ ਪਬਲਿਕ ਹੈਲਥ ਯੂਨਿਟ: ______________________________

| | |
|---|---|
| ਵੈਨਕੂਵਰ ਟੀ.ਬੀ. ਸਰਵਿਸਿਜ਼ ਕਲੀਨਿਕ: | 604-707-2692 |
| ਨਿਊ ਵੈਸਟਮਿਨਸਟਰ ਟੀ.ਬੀ. ਸਰਵਿਸਿਜ਼ ਕਲੀਨਿਕ | 604-707-2698 |
| ਬੀ.ਸੀ.ਸੀ.ਡੀ.ਸੀ. ਵੈਕਸੀਨ ਅਤੇ ਫਾਰਮੇਸੀ ਸਰਵਿਸਿਜ਼: | 604-707-2580 |



Provincial Health Services Authority
Province-wide solutions. Better health.

ACCREDITED · AGRÉÉ · CCHSA · CCASS

*A research and teaching centre affiliated with UBC*